ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

ਹੁਕਮ

ਸਰਕਾਰ ਦੇ ਪੱਤਰ ਨੰ: 5/66/15-2ਸਿ4/864382/1-12, ਮਿਤੀ 24.10.16 ਰਾਹੀਂ ਵੋਕੇਸ਼ਨਲ ਮਾਸਟਰਾਂ/ ਲੈਕਚਰਾਰਾਂ ਤੋਂ ਪਦ-ਉਨਤ ਹੋਏ ਪ੍ਰਿੰਸੀਪਲਾਂ ਨੂੰ ਰਿਵਰਟ ਕੀਤਾ ਗਿਆ ਸੀ ਪ੍ਰੰਤੂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 22469 ਆਫ 2016 ਵਿੱਚ ਮਿਤੀ 26.10.2016 ਨੂੰ ਹੋਰ ਰਿੱਟਾਂ ਅਟੈਚ ਕਰਦੇ ਹੋਏ, ਇਨ੍ਹਾਂ ਰਿਵਰਟ ਕੀਤੇ ਪ੍ਰਿੰਸੀਪਲਾਂ ਨੂੰ ਸਟੇਅ ਦਿੰਦੇ ਹੋਏ ਐਡਹਾਕ ਪ੍ਰਿੰਸੀਪਲ ਦੇ ਤੌਰ ਤੇ ਕੰਮ ਕਰਦੇ ਰਹਿਣ ਦੇ ਹੁਕਮ ਕੀਤੇ ਗਏ ਸਨ, ਪ੍ਰੰਤੂ ਇਹ ਅਧਿਕਾਰੀ ਅਜੇ ਵੀ ਬਤੌਰ ਡੀ.ਡੀ.ਓ. ਕੰਮ ਕਰ ਰਹੇ ਹਨ, ਜੋ ਕਿ ਸਹੀ ਨਹੀਂ ਹੈ। ਇਸ ਲਈ ਇਨ੍ਹਾਂ ਅਧਿਕਾਰੀਆਂ ਤੋਂ ਡੀ.ਡੀ.ਓ ਪਾਵਰਾਂ ਤੁਰੰਤ ਪ੍ਰਭਾਵ ਤੋਂ ਵਾਪਸ ਲਈਆਂ ਜਾਂਦੀਆਂ ਹਨ। ਇਹ ਅਧਿਕਾਰੀ ਬਤੌਰ ਐਡਹਾਕ ਪ੍ਰਿੰਸੀਪਲ ਆਪਣੀ ਥਾਂ ਤੇ ਕੰਮ ਕਰਦੇ ਰਹਿਣਗੇ।

**ਜੀ.ਵਜਰਾਲਿੰਗਮ, ਆਈ.ਏ.ਐਸ.,**

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,

ਸਿੱਖਿਆ ਵਿਭਾਗ ਸਕੂਲਜ਼।

ਮਿਤੀ ਚੰਡੀਗੜ੍ਹ

18/04/2017

ਪਿੱਠ ਅੰਕਣ ਨੰ; 5/66/15-2ਸਿ4(4ਸਿ4)/957129/1-6 ਮਿਤੀ, ਚੰਡੀਗੜ੍ਹ 18/4/17

1. ਉਤਾਰਾ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:/ਐ:ਸਿ:), ਪੰਜਾਬ, ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ;
2. ਇੱਕ ਉਤਾਰਾ ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਹੁਕਮਾਂ ਅਨੁਸਾਰ ਡੀ.ਡੀ.ਓ. ਪਾਵਰਾਂ ਵਾਪਸ ਲੈਣ ਕਾਰਨ ਨੇੜੇ ਦੇ ਸਕੂਲਾਂ/ ਸੰਸਥਾਵਾਂ ਵਿੱਚ ਤੈਨਾਤ ਪ੍ਰਿੰਸੀਪਲਾਂ/ਅਧਿਕਾਰੀਆਂ, ਜਿਨ੍ਹਾਂ ਨੂੰ ਡੀ.ਡੀ.ਓ. ਪਾਵਰਾਂ ਦਿੱਤੀਆਂ ਜਾ ਸਕਦੀਆ ਹਨ, ਸਬੰਧੀ ਸੂਚਨਾ/ਤਜਵੀਜ਼ ਆਪਣੇ ਅਧੀਨ ਆਉਂਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਤੋਂ ਇਕੱਤਰ ਕਰਕੇ ਮਿਤੀ 20.04.2017 ਨੂੰ 11.00 ਵਜੇ ਤੱਕ ਸਰਕਾਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।
3. ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਹੁਕਮਾਂ ਨੂੰ ਵੈਬਸਾਈਟ ਤੇ ਅਪਲੋਡ ਕੀਤਾ ਜਾਵੇ।

ਸੁਪਰਡੰਟ